# ਆਪਣੇ ਬੱਚਿਆਂ ਨੂੰ ਗੈਂਗਾਂ ਵਿੱਚ ਸ਼ਾਮਲ ਹੋਣ ਤੋਂ ਰੋਕਣ ਲਈ ਉਨ੍ਹਾਂ ਨਾਲ ਗੱਲਬਾਤ ਕਰਨਾ

ਅਸੀਂ ਸਮਝਦੇ ਹਾਂ ਕਿ ਸਾਡੀ ਕਮਿਊਨਿਟੀ ਵਿੱਚ ਵਾਪਰੀਆਂ ਤਾਜ਼ਾ ਦੁਖਾਂਤਕ ਘਟਨਾਵਾਂ ਦੀ ਰੋਸ਼ਨੀ ਵਿੱਚ ਇਹ ਸਮਾਂ ਇਕ ਔਖੇ ਸਮੇਂ ਵਾਂਗ ਲਗਦਾ ਹੈ। ਅਸੀਂ ਸਾਰੇ ਪਰਿਵਾਰਾਂ ਨੂੰ ਆਪਣੇ ਬੱਚਿਆਂ ਨਾਲ ਗੱਲਬਾਤ ਕਰਨ ਅਤੇ ਉਹਨਾਂ ਚੁਣੌਤੀਆਂ ਜਾਂ ਸਰੋਕਾਰਾਂ ਤੋਂ ਜਾਣੂ ਹੋਣ ਲਈ ਉਤਸ਼ਾਹਤ ਕਰਦੇ ਹਾਂ ਜਿਹਨਾਂ ਦਾ ਸਾਹਮਣਾ ਉਹ ਕਰ ਰਹੇ ਹੋ ਸਕਦੇ ਹਨ।

***ਜੇ ਆਪਣੇ ਬੱਚੇ ਦੀ ਸੇਫਟੀ ਜਾਂ ਸਰਗਰਮੀਆਂ ਬਾਰੇ ਤੁਹਾਡੇ ਕੋਈ ਸਰੋਕਾਰ ਹੋਣ*** ਤਾਂ ਤੁਹਾਡੇ ਸਕੂਲ ਦੀ ਕਮਿਊਨਿਟੀ ਮਦਦ ਲਈ ਹਾਜ਼ਾਰ ਹੈ। ਟੀਚਰ, ਪ੍ਰਿੰਸੀਪਲ, ਅਤੇ ਵਾਈਸ-ਪ੍ਰਿੰਸੀਪਲ, ਕਾਊਂਸਲਰ, ਸੇਫ ਸਕੂਲ ਦੇ ਲਿਆਜ਼ਾਨ (ਤਾਲਮੇਲ ਅਧਿਕਾਰੀ) ਅਤੇ ਕਮਿਊਨਿਟੀ ਦੇ ਹੋਰ ਭਾਈਵਾਲ ਲੋੜੀਂਦੀ ਸੂਝ ਅਤੇ ਸਹਾਇਤਾ ਪ੍ਰਦਾਨ ਕਰ ਸਕਦੇ ਹਨ।

ਸਰੀ ਸਕੂਲਜ਼ ਸਾਰੇ ਪਰਿਵਾਰਾਂ ਨੂੰ ਡਿਸਟ੍ਰਿਕਟ ਦੇ ਹੇਠਾਂ ਦਰਜ ਕੀਤੇ ਗੈਂਗ-ਵਿਰੋਧੀ ਪ੍ਰੋਗਰਾਮਾਂ ਤੋਂ ਫਾਇਦਾ ਉਠਾਉਣ ਅਤੇ ਚਿਤਾਵਨੀ ਦੇ ਸੰਕੇਤਾਂ ਅਤੇ ਵਤੀਰਿਆਂ `ਤੇ ਨਿਗ੍ਹਾ ਰੱਖਣ ਲਈ ਉਤਸ਼ਾਹਿਤ ਕਰਦਾ ਹੈ।

## ਬੁਰੀ ਸੰਗਤ ਵਿੱਚ ਪੈ ਜਾਣ ਬਾਰੇ ਚਿਤਾਵਨੀ ਦੇਣ ਵਾਲੇ ਸੰਕੇਤ

ਜੇ ਮਾਪਿਆਂ/ਸਰਪ੍ਰਸਤਾਂ ਨੂੰ ਸ਼ੱਕ ਹੋਵੇ ਕਿ ਉਹਨਾਂ ਦਾ ਬੱਚਾ ਚਿੰਤਾਜਨਕ ਵਤੀਰੇ ਵੱਲ ਵਧ ਰਿਹਾ ਹੈ, ਤਾਂ ਉਹ ਚਿਤਾਵਨੀ ਦੇਣ ਵਾਲੇ ਇੱਥੇ ਦਿੱਤੇ ਗਏ ਕੁੱਝ ਆਮ ਸੰਕੇਤਾਂ ਵੱਲ ਧਿਆਨ ਦੇ ਸਕਦੇ ਹਨ:

- ਗੈਰ ਹਾਜ਼ਰੀ ਦੀਆਂ ਸਮੱਸਿਆਵਾਂ
- ਪੜ੍ਹਾਈ ਵਿੱਚ ਗਿਰਾਵਟ
- ਰਵੱਈਏ ਵਿੱਚ ਬਹੁਤ ਜ਼ਿਆਦਾ ਤਬਦੀਲੀਆਂ
- ਨਵੇਂ ਦੋਸਤਾਂ ਨਾਲ ਦੇਰ ਰਾਤ ਤੱਕ ਬਾਹਰ ਰਹਿਣਾ
- ਭੇਦ ਰੱਖਣ ਦੀ ਪੈਦਾ ਹੋਈ ਨਵੀਂ ਭਾਵਨਾ
- ਉਹਨਾਂ ਕੋਲ ਅਜਿਹੀਆਂ ਚੀਜ਼ਾਂ ਦਾ ਹੋਣਾ ਜਿਨ੍ਹਾਂ ਦੇ ਪੈਸੇ ਮਾਪਿਆਂ ਨੇ ਨਾ ਦਿੱਤੇ ਹੋਣ
- ਨੌਕਰੀ ਦੇ ਸਬੂਤ ਬਿਨਾਂ ਇੱਕ ਨਵੀਂ ਨੌਕਰੀ (ਜਿਵੇਂ ਪੇਅ ਚੈੱਕ ਆਦਿ ਤੋਂ ਬਿਨਾਂ)

ਇਹ ਪਤਾ ਲਗਾਉਣਾ ਔਖਾ ਹੋ ਸਕਦਾ ਹੈ ਕਿ ਕੀ ਤੁਹਾਡਾ ਬੱਚਾ ਗੈਰ-ਕਾਨੂੰਨੀ ਅਤੇ/ਜਾਂ ਸੰਭਾਵੀ ਗੈਂਗ ਗਤੀਵਿਧੀਆਂ ਵਿੱਚ ਸ਼ਾਮਲ ਹੋ ਰਿਹਾ ਹੈ। ਕਿਰਪਾ ਕਰਕੇ ਇਹ ਜਾਣੋ ਕਿ ਸੇਧ ਅਤੇ ਸਹਾਇਤਾ ਲਈ ਬਹੁਤ ਸਾਰੇ ਵਸੀਲੇ ਉਪਲਬਧ ਹਨ।

## ਵਸੀਲੇ: ਉਹਨਾਂ ਨੂੰ ਸੁਰੱਖਿਅਤ ਰੱਖਣ ਲਈ ਆਪਣੇ ਬੱਚੇ ਨਾਲ ਗੱਲ ਕਰੋ

- ਕੰਬਾਈਨਡ ਫੋਰਸਜ਼ ਸਪੈਸ਼ਲ ਇਨਫੋਰਸਮੈਂਟ ਯੂਨਿਟ ਔਫ ਬੀ ਸੀ (ਸੀ ਐੱਫ ਐੱਸ ਈ ਯੂ- CFSEU) ਇੰਡ ਗੈਂਗ ਲਾਈਫ ਵੈੱਬਸਾਈਟ: ਗੈਂਗਾਂ ਦੀ ਜ਼ਿੰਦਗੀ ਬਾਰੇ ਮਿੱਥਾਂ ਅਤੇ ਅਸਲੀਅਤਾਂ ਬਾਰੇ ਦੱਸਣ ਵਾਲੇ ਵਸੀਲਿਆਂ, ਨੌਜਵਾਨਾਂ ਅਤੇ ਗੈਂਗਾਂ ਬਾਰੇ ਕਿਤਾਬਚਿਆਂ ਅਤੇ ਗੈਂਗਾਂ ਦੇ ਸੰਬੰਧ ਵਿੱਚ ਦਖਲਅੰਦਾਜ਼ੀ ਅਤੇ ਗੈਂਗਾਂ ਵਿੱਚੋਂ ਬਾਹਰ ਨਿਕਲਣ ਬਾਰੇ ਜਾਣਕਾਰੀ ਪ੍ਰਦਾਨ ਕਰਨ ਵਾਲਾ ਸਾਈਟ।

- ਈਰੇਜ਼ (ERASE): ਗੈਂਗਜ਼ ਐਂਡ ਵਾਇਲੈਂਸ ਪ੍ਰੀਵੈਨਸ਼ਨ- ਪ੍ਰੋਵਿੰਸ ਔਫ ਬ੍ਰਿਟਿਸ਼ ਕੋਲੰਬੀਆ: **ਮੁਫਤ ਸਿਖਲਾਈ ਅਤੇ ਗੱਲਬਾਤ ਲਈ ਸਮਰਥਨ**, ਜਿਸ ਵਿੱਚ ਈਰੇਜ਼ ਫੈਮਿਲੀ ਸੈਸ਼ਨ (ਵਿਦਿਆਰਥੀਆਂ ਦਾ ਸਮਰਥਨ ਕਰਨ ਲਈ ਬਾਲਗਾਂ ਦੀ ਮਦਦ ਕਰਨ ਲਈ ਮੁਫਤ ਸਿਖਲਾਈ) ਸ਼ਾਮਲ ਹਨ ਅਤੇ ਬੱਚਿਆਂ ਨਾਲ

ਉਹਨਾਂ ਵਿਸ਼ਿਆਂ ਬਾਰੇ ਗੱਲਬਾਤ ਕਰਨ ਲਈ "ਹੈਵ ਏ ਕਨਵਰਸੇਸ਼ਨ ਭਾਵ ਗੱਲਬਾਤ ਕਰੋ" ਨਾਂ ਦੀ ਗਾਈਡ ਵੀ ਸ਼ਾਮਲ ਹੈ ਜਿਹਨਾਂ ਵਿਸ਼ਿਆਂ ਬਾਰੇ ਤੁਹਾਨੂੰ ਬਹੁਤ ਘੱਟ ਗਿਆਨ ਜਾਂ ਕੋਈ ਗਿਆਨ ਨਾ ਹੋਵੇ।

## ਵਸੀਲੇ: ਵਿਦਿਆਰਥੀਆਂ ਅਤੇ ਮਾਪਿਆਂ ਲਈ ਡਿਸਟ੍ਰਿਕਟ ਦੇ ਗੈਂਗ ਵਿਰੋਧੀ ਸਮਰਥਨਾਂ ਨਾਲ ਸੰਪਰਕ ਕਰੋ

- ਰੈਪਅਰਾਊਂਡ ਪ੍ਰੋਗਰਾਮ (WRAP): ਸਰੀ ਦਾ ਰੈਪਅਰਾਊਂਡ ਪ੍ਰੋਗਰਾਮ (WRAP) ਸਰੀ ਸਕੂਲ ਡਿਸਟ੍ਰਿਕਟ ਅਤੇ ਸਰੀ ਪੁਲੀਸ ਸਰਵਿਸ ਦਾ ਸਾਂਝਾ ਪ੍ਰੋਗਰਾਮ ਹੈ। ਪ੍ਰੋਗਰਾਮ ਦਾ ਮਕਸਦ ਭਰੋਸੇਯੋਗ ਅਤੇ ਹਾਂ-ਪੱਖੀ ਰਿਸ਼ਤਾ ਬਣਾ ਕੇ ਨੌਜਵਾਨਾਂ ਨੂੰ ਸਕੂਲ, ਉਹਨਾਂ ਦੀ ਕਮਿਊਨਿਟੀ ਅਤੇ ਘਰ ਨਾਲ ਹਾਂ-ਪੱਖੀ ਢੰਗ ਨਾਲ ਜੋੜਨਾ ਹੈ। ਨੌਜਵਾਨਾਂ ਲਈ ਹਾਂ-ਪੱਖੀ ਜੀਵਨ-ਢੰਗ ਅਤੇ ਆਤਮ ਸਨਮਾਨ ਪੈਦਾ ਕਰਨ ਦੇ ਪ੍ਰੋਗਰਾਮ ਦੇ ਉਦੇਸ਼ ਵਿੱਚ ਸਹਾਇਤਾ ਕਰਨ ਲਈ ਟੀਚੇ ਮਿੱਥਣ ਲਈ ਮਾਪਿਆਂ, ਸੰਭਾਲ ਕਰਨ ਵਾਲਿਆਂ ਅਤੇ/ਜਾਂ ਗਾਰਡੀਅਨਾਂ ਨੂੰ ਸ਼ਾਮਲ ਕੀਤਾ ਜਾਂਦਾ ਹੈ।
- ਸੇਫ ਸਕੂਲ ਲਿਆਜ਼ਾਨਜ਼: ਡਿਸਟ੍ਰਿਕਟ ਦੇ ਸੇਫ ਸਕੂਲਜ਼ ਡਿਪਾਰਟਮੈਂਟ ਰਾਹੀਂ, ਹਰ ਸੈਕੰਡਰੀ ਸਕੂਲ ਵਿੱਚ ਇਕ ਲਿਆਜ਼ਾਨ (ਤਾਲਮੇਲ ਅਧਿਕਾਰੀ) ਹੈ ਜੋ ਸੇਫਟੀ ਨਾਲ ਸੰਬੰਧਿਤ ਮਾਮਲਿਆਂ ਵਿੱਚ ਮਦਦ ਕਰਨ ਲਈ ਸਮਰਪਤ ਹੈ। ਉਹ ਲੋੜਵੰਦ ਜਵਾਨਾਂ ਦੀ ਸੇਫਟੀ ਨਾਲ ਸੰਬੰਧਿਤ ਵਸੀਲਿਆਂ ਨਾਲ ਜੁੜਨ ਵਿੱਚ ਮਦਦ ਕਰ ਸਕਦੇ ਹਨ ਜਾਂ ਜੇ ਜਵਾਨਾਂ ਨੂੰ ਕੋਈ ਚੀਜ਼ ਤੰਗ ਕਰ ਰਹੀ ਹੋਵੇ ਤਾਂ ਉਸ ਬਾਰੇ ਗੱਲਬਾਤ ਕਰਨ ਲਈ ਹਾਜ਼ਰ ਹੋ ਸਕਦੇ ਹਨ।
- ਸਰੀ ਪੁਲੀਸ ਪੇਅਰੈਂਟ ਹੈਲਪਲਾਈਨ: (604-599-7800): ਉਹਨਾਂ ਮਾਪਿਆਂ ਨੂੰ ਸਹਾਇਤਾ ਪ੍ਰਦਾਨ ਕਰਦੇ ਹਨ ਜਿਹਨਾਂ ਨੂੰ ਇਹ ਫਿਕਰ ਹੋਵੇ ਕਿ ਉਹਨਾਂ ਦੇ ਬੱਚੇ ਗੈਰ-ਕਾਨੂੰਨੀ ਗਤੀਵਿਧੀਆਂ ਵਿੱਚ ਸ਼ਾਮਲ ਹੋ ਰਹੇ ਹਨ।

## ਵਸੀਲੇ: ਆਪਣੀ ਕਮਿਊਨਿਟੀ ਵਿਚਲੀਆਂ ਕਿਸੇ ਵੀ ਤਰ੍ਹਾਂ ਦੀਆਂ ਚਿੰਤਾਜਨਕ ਘਟਨਾਵਾਂ ਬਾਰੇ ਗੁਪਤ ਰਹਿ ਕੇ ਰਿਪੋਰਟ ਕਰੋ

- ਪ੍ਰੋਟੈਕਟਿੰਗ ਸਰੀ ਸਕੂਲਜ਼ ਟੁਗੈਦਰ: (ਪੀ ਐੱਸ ਐੱਸ ਟੀ-PSST) ਬੁਲੀਇੰਗ (ਧੱਕੇਸ਼ਾਹੀ), ਵਿਤਕਰੇ, ਗੈਂਗਾਂ, ਨਸ਼ਿਆਂ ਦੀ ਵਰਤੋਂ ਅਤੇ ਆਨਲਾਈਨ ਸੇਫਟੀ ਵਰਗੇ ਵਿਸ਼ਿਆਂ ਬਾਰੇ ਸਿੱਖਿਅਤ ਅਤੇ ਜਾਗਰੂਕ ਕਰਨ ਵਾਲੇ ਵਸੀਲਿਆਂ ਵਾਲਾ ਸਰੀ ਸਕੂਲਜ਼ ਦਾ ਵੈੱਬਸਾਈਟ ਹੈ। ਇਹ ਪੇਜ ਵਿਦਿਆਰਥੀਆਂ ਅਤੇ ਮਾਪਿਆਂ ਲਈ ਕਿਸੇ ਵੀ ਤਰ੍ਹਾਂ ਦੇ ਸ਼ੱਕੀ ਜਾਂ ਚਿੰਤਾਜਨਕ ਵਤੀਰੇ ਬਾਰੇ ਰਿਪੋਰਟ ਕਰਨ ਲਈ ਇਕ ਮਦਦ ਕਰਨ ਵਾਲਾ ਸਾਧਨ ਹੈ।
- ਈਰੇਜ਼ (ERASE) ਮਨਿਸਟਰੀ ਆਫ ਐਜੂਕੇਸ਼ਨ ਐਂਡ ਚਾਇਲਡ ਕੇਅਰ ਦੇ ਸੁਰੱਖਿਅਤ, ਦੇਖਭਾਲ ਕਰਨ ਅਤੇ ਸਭ ਨੂੰ ਸ਼ਾਮਲ ਕਰਨ ਵਾਲੀਆਂ ਸਕੂਲ ਕਮਿਊਨਿਟੀਆਂ ਉਸਾਰਨ ਵਾਲੇ ਵਸੀਲੇ ਹਨ ਅਤੇ ਇੱਥੇ ਗੁਪਤ ਰਹਿ ਕੇ ਆਨਲਾਈਨ ਰਿਪੋਰਟ ਕਰਨ ਦੇ ਸੰਦ ਵੀ ਮੌਜੂਦ ਹਨ।